2023645 95
08/05/23

**ਦਫਤਰ: ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਸ.ਅ.ਸ.ਨਗਰ।**

**(ਸੈਕੰਡਰੀ ਸਿਖਿਆ ਸ਼ਾਖਾ)**

**Email id: dpiseadsa@Punjabeducation.gov.in**

ਵੱਲ

1. ਸਮੂਹ ਜਿਲ੍ਹਾ ਸਿਖਿਆ ਅਫਸਰ (ਸੈ.ਸਿ./ਐ.ਸਿ)
2. ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰਬਰ DPISE-SEDU0RENM/2/2023/202393559
ਮਿਤੀ: ਸ.ਅ.ਸ.ਨਗਰ 29-08-2023

ਵਿਸ਼ਾ:- ਵਿਦਿਅਕ ਅਦਾਰਿਆਂ ਦੇ ਨਾਮ ਮਹੱਤਵਪੂਰਨ ਸ਼ਖਸੀਅਤਾਂ ਦੇ ਨਾਮ ਤੇ ਰੱਖਣ ਸਬੰਧੀ ਹਦਾਇਤਾਂ।

ਉਪਰੋਕਤ ਵਿਸ਼ੇ ਤੇ ਇਸ ਦਫਤਰ ਦੇ ਪੱਤਰ ਨੰਬਰ E105992 ਸੈ.ਸਿ(1)/202257952 ਮਿਤੀ 27-09-2022 ਦੇ ਸਬੰਧ ਵਿੱਚ ।

2.0 ਵਿਭਾਗ ਵੱਲੋਂ ਮਹੱਤਵਪੂਰਣ ਸ਼ਖਸੀਅਤਾਂ ਦੇ ਨਾਂ ਤੇ ਵਿਦਿਅਕ ਅਦਾਰਿਆਂ ਦੇ ਨਾਂ ਰੱਖਣ ਸਬੰਧੀ ਵਿਭਾਗ ਦੀ ਪਾਲਿਸੀ ਮਿਤੀ 22-01-2021 ਰਾਹੀਂ ਆਨਲਾਈਨ ਪੋਰਟਲ ਤਿਆਰ ਕੀਤਾ ਗਿਆ ਹੈ। ਸਬੰਧਤ ਸਕੂਲ ਵੱਲੋਂ ਪੰਚਾਇਤ, ਐਸ.ਐਮ.ਸੀ ਦੇ ਮਤੇ ਅਤੇ ਮਹੱਤਵਪੂਰਣ ਦਸਤਾਵੇਜ਼ਾਂ ਸਹਿਤ ਕੇਸ ਪੋਰਟਲ ਤੇ ਅਪਲਾਈ ਕੀਤੇ ਜਾਂਦੇ ਹਨ।

2.1 ਇਸ ਪਾਲਿਸੀ ਮੁਤਾਬਕ ਰਾਜ ਪੱਧਰੀ ਕਮੇਟੀ ਮੈਂਬਰਾਂ ਵੱਲੋਂ ਮੌਕੇ ਤੇ ਟਿੱਪਣੀ ਦਿੱਤੀ ਜਾਂਦੀ ਸੀ। ਹੁਣ ਉਚ ਅਧਿਕਾਰੀਆਂ ਵੱਲੋਂ ਮੀਟਿੰਗ ਵਿੱਚ ਲਏ ਫੈਸਲੇ ਅਨੁਸਾਰ ਕੇਸਾਂ ਵਿੱਚ ਸਬੰਧਤ ਵਿਭਾਗਾਂ ਤੋਂ ਜੋ ਪਹਿਲਾਂ ਮੌਕੇ ਤੇ ਰਿਪੋਰਟ ਲਈ ਜਾਂਦੀ ਸੀ, ਹੁਣ ਇਹ ਰਿਪੋਰਟਾਂ (ਸਬੰਧਤਡਿਪਟੀ ਕਮਿਸ਼ਨਰਜ਼, ਸਬੰਧਤ ਵਿਭਾਗ ਅਤੇ ਐਸ.ਐਸ.ਪੀਜ਼) ਤੋਂ ਲਿਖਤੀ ਪ੍ਰਾਪਤ ਹੋਣ ਉਪਰੰਤ ਹੀ ਮਾਨਯੋਗ ਪ੍ਰਮੁੱਖ ਸਕੱਤਰ ਸਕੂਲ ਸਿਖਿਆ ਜੀ ਦੀ ਪ੍ਰਧਾਨਗੀ ਹੇਠ ਹੋਣ ਵਾਲੀ ਮਹੀਨਾਵਾਰ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ। ਇਸ ਲਈ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਪੋਰਟਲ ਤੇ ਕੇਸ ਅਪਲਾਈ ਕਰਕੇ ਸਬੰਧਤ ਜਿਲ੍ਹਾ ਸਿਖਿਆ ਅਫਸਰ ਨੂੰ ਸੂਚਿਤ ਕੀਤਾ ਜਾਵੇ ਅਤੇ ਲਿਖਤੀ ਰਿਪੋਰਟਾਂ ਪ੍ਰਾਪਤ ਕਰਕੇ ਕੇਸ ਜਲਦ ਤੋਂ ਜਲਦ ਮੁਕੰਮਲ ਕਰਵਾਏ ਜਾਣ ।

3.0 ਆਨਲਾਈਨ ਪੋਰਟਲ ਤੇ ਕੇਸ ਅਪਲਾਈ ਕਰਦੇ ਸਮੇਂ (Proof of Document ਵਾਲੇ ਕਾਲਮ ਵਿੱਚ) ਰੱਖਿਆ ਸੇਵਾਵਾਂ ਵਾਲੇ ਕੇਸ ਵਿੱਚ Battle Causality/ Operational Causality ਸਰਟੀਫਿਕੇਟ ਅਤੇ ਫਰੀਡਮ ਫਾਈਟਰ ਦੇ ਕੇਸ ਵਿੱਚ ਅਜਾਦੀ ਵਿੱਚ ਪਾਏ ਯੋਗਦਾਨ ਸਦਕਾ ਪ੍ਰਾਪਤ ਕੋਈ ਵੀ ਦਸਤਾਵੇਜ਼ ਜਿਵੇਂ ਤਾਮਰ ਪੱਤਰ ਜਾਂ ਫਿਰ ਪੈਨਸ਼ਨ ਰਿਕਾਰਡ ਦਾ ਸਬੂਤ ਨਾਲ ਲਗਾਇਆ ਜਾਵੇ। ਜੇਕਰ ਇਹ ਸਬੂਤ ਨਹੀਂ ਲਗਾਏ ਜਾਣਗੇ ਤਾਂ ਕੇਸ ਪੋਰਟਲ ਤੇ reject ਕਰ ਦਿੱਤਾ ਜਾਵੇਗਾ। ਸਕੂਲ ਮੁਖੀ ਵੱਲੋਂ ਮੁੜ ਤੋਂ ਸਬੂਤ ਲਗਾ ਕੇ ਮੁਕੰਮਲ ਕੇਸ ਸਮੇਤ ਸਬੂਤ ਤੇ ਅਪਲਾਈ ਕਰਨ ਤੇ ਹੀ ਮਹੀਨਾਵਾਰ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ।

4.0 ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਡਿਪਟੀ ਕਮਿਸ਼ਨਰ ਜਾਂ ਸਬੰਧਤ ਵਿਭਾਗ ਵੱਲੋਂ "ਸਿਰਫ ਇਤਰਾਜ਼ ਨਹੀਂ ਹੈ" ਨੂੰ ਸਿਫਾਰਸ਼ ਨਹੀਂ ਮੰਨਿਆ ਜਾਵੇਗਾ। ਸਬੰਧਤ ਵਿਭਾਗ ਵੱਲੋਂ ਸਪਸ਼ਟ ਰਿਪੋਰਟ ਪ੍ਰਾਪਤ ਕਰਕੇ ਭੇਜੀ ਜਾਵੇ ਕਿ ਪਾਲਿਸੀ ਦੇ ਕਿਸ ਨੁਕਤੇ ਅਧੀਨ ਸਕੂਲ ਦਾ

ਨਾਂ ਬਦਲਣ ਦੀ ਸਿਫਾਰਸ਼ ਕੀਤੀ ਗਈ ਹੈ। ਇਸ ਸਬੰਧੀ ਜਿਲ੍ਹਾ ਪ੍ਰਸ਼ਾਸ਼ਨ ਨਾਲ Proper ਤਾਲਮੇਲ ਕਰਨਾ ਜ਼ਰੂਰੀ ਬਣਾਇਆ ਜਾਵੇ।

5.0 ਇਸ ਤੋਂ ਇਲਾਵਾ ਜਿਨ੍ਹਾਂ ਸਕੂਲਾਂ ਦੇ ਨਾਮ ਹੁਣ ਤੱਕ ਮਹੱਤਵਪੂਰਣ ਸ਼ਖਸੀਅਤਾਂ ਦੇ ਨਾਮ ਤੇ ਰੱਖਣ ਸਬੰਧੀ ਵਿਭਾਗ ਵੱਲੋਂ ਸਮੇਂ- ਸਮੇਂ ਤੇ ਨੋਟੀਫਿਕੇਸ਼ਨ ਜਾਰੀ ਕੀਤੀ ਜਾ ਚੁੱਕੀ ਹੈ ਉਹਨਾਂ ਸਕੂਲਾਂ ਦੀ ਸੂਚਨਾ ਜਿਲ੍ਹਾ ਵਾਰ ਤਿਆਰ ਕਰਕੇ ਇਸ ਦਫ਼ਤਰ ਨੂੰ ਉਕਤ ਦਰਸਾਈ ਈਮੇਲ ਆਈਡੀ ਤੇ ਭੇਜੀ ਜਾਵੇ।

ਡਾਇਰੈਕਟਰ ਸਕੂਲ ਐਜੂਕੇਸ਼ਨ(ਸੈਕੰਡਰੀ) ਪੰਜਾਬ

ਪਿੱਠ ਅੰਕਣ ਨੰਬਰ ਉਕਤ

ਮਿਤੀ: ਸ.ਅ.ਸ.ਨਗਰ, 29-3-23

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਸਮੂਹ ਡਿਪਟੀ ਕਮਿਸ਼ਨਰ,ਪੰਜਾਬ।
2. ਸਮੂਹ ਐਸ.ਐਸ.ਪੀਜ , ਪੰਜਾਬ।
3. ਡਾਇਰੈਕਟਰ ਸੈਰ ਸਪਾਟਾ ਤੇ ਸਭਿਆਚਾਰਕ ਮਾਮਲੇ, ਪੰਜਾਬ।
4. ਡਾਇਰੈਕਟਰ, ਰੱਖਿਆ ਸੇਵਾਵਾਂ ਭਲਾਈ ਵਿਭਾਗ,ਪੰਜਾਬ।
5. ਡਾਇਰੈਕਟਰ, ਸਪੋਰਟਸ ਅਤੇ ਯੁਵਕ ਸੇਵਾਵਾਂ ਵਿਭਾਗ, ਪੰਜਾਬ।
6. ਡਾਇਰੈਕਟਰ ਭਾਸ਼ਾ ਵਿਭਾਗ,ਪੰਜਾਬ।

ਡਾਇਰੈਕਟਰ ਸਕੂਲ ਐਜੂਕੇਸ਼ਨ(ਸੈਕੰਡਰੀ) ਪੰਜਾਬ

ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ ਸ/ਸ ਮਾਨਸਾ
ਪੀ.ਏ. 2023/27267 ਮਿਤੀ 9/5/23
ਉਤਾਰਾ ਜ਼ਿਲ੍ਹੇ ਦੇ ਸਮੂਹ ਸਕੂਲ ਮੁਖੀਆਂ ਨੂੰ ਸੂਚਨਾ ਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ ਸ/ਸ
ਮਾਨਸਾ

9/5/23